79

ਪੰਜਾਬ ਸਰਕਾਰ
ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ।
(ਜਨਰਲ ਸ਼ਾਖਾ)

ਸੇਵਾ ਵਿਖੇ

ਸਾਰੇ ਹੀ ਸਮੂਹ:
1) ਡਿਪਟੀ ਕਮਿਸ਼ਨਰਜ਼;
2) ਵਧੀਕ ਡਿਪਟੀ ਕਮਿਸ਼ਨਰਜ਼ (ਵਿਕਾਸ);
3) ਡਵੀਜ਼ਨਲ ਡਿਪਟੀ ਡਾਇਰੈਕਟਰ ਪੰਚਾਇਤ;
4) ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰਜ਼;
5) ਉਪ ਮੁੱਖ ਕਾਰਜ਼ਕਾਰੀ ਅਫਸਰ ਜ਼ਿਲਾ ਪ੍ਰੀਸ਼ਦਜ਼;
6) ਬਲਾਕ ਵਿਕਾਸ ਤੇ ਪੰਚਾਇਤ ਅਫਸਰਜ਼।

ਯਾਦ ਪੱਤਰ ਨੰ:6/20/94/ਜੀ-1/2003/ 37233 - 37444
ਚੰਡੀਗੜ੍ਹ, ਮਿਤੀ :- 12-11-03

ਵਿਸ਼ਾ :- ਪੰਜਾਬ ਰਾਜ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਨੂੰ ਮਜਬੂਤ ਕਰਨ ਬਾਰੇ।
(ਪੰਚਾਇਤਾਂ ਦੇ ਫੰਡ ਅਪਰੇਟ ਕਰਨ ਸਬੰਧੀ)

ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਯਾਦ ਪੱਤਰ ਨੰ:6/20/94/ਜੀ-1/2002/40056- 209, ਮਿਤੀ 15-11-2002 ਦੇ ਨਿਰੰਤਰ ਵਿੱਚ।

2. ਪੰਜਾਬ ਰਾਜ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਨੂੰ ਮਜਬੂਤ ਕਰਨ ਲਈ ਸਰਕਾਰ ਵੱਲੋਂ ਪੰਚਾਇਤਾਂ ਨੂੰ ਵਧੇਰੇ ਅਧਿਕਾਰ ਸੌਂਪੇ ਗਏ ਹਨ । ਇਨ੍ਹਾਂ ਅਧਿਕਾਰੀਆਂ ਦੇ ਸਨਮੁੱਖ ਗਰਾਮ ਪੰਚਾਇਤਾਂ ਦੇ ਫੰਡਜ਼ ਅਪਰੇਟ ਕਰਨ ਲਈ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਗਰਾਮ ਪੰਚਾਇਤ ਦਾ ਖਾਤਾ ਪੰਚਾਇਤ ਦੇ ਤਿੰਨ ਮੈਂਬਰਾਂ ਜਿਸ ਵਿੱਚ ਸਰਪੰਚ ਸ਼ਾਮਲ ਹੈ, ਰਾਹੀਂ ਇੱਕਠਾ ਚਲਾਇਆ ਜਾਵੇਗਾ। ਗਰਾਮ ਪੰਚਾਇਤ ਦੇ 2 ਪੰਚ ਜਿਸ ਵਿੱਚ ਇਕ ਇਸਤਰੀ ਅਤੇ ਇਕ ਅਨੁਸੂਚਿਤ ਜਾਤੀ ਨਾਲ ਸਬੰਧਤ ਪੰਚ ਹੋਵੇਗਾ ਨੂੰ ਇਸ ਸਬੰਧੀ ਅਧਿਕਾਰ ਹੋਣਗੇ। ਸਰਪੰਚ ਤੇ ਦੋ ਪੰਚਾਂ ਵਿੱਚੋਂ ਕਿਸੇ ਇਕ ਪੰਚ ਦੀ ਸਹਿਮਤੀ ਨਾਲ ਗਰਾਮ ਪੰਚਾਇਤ ਫੰਡਜ਼,ਵਿੱਚੋਂ ਰਕਮ ਕਢਵਾਈ ਜਾ ਸਕੇਗੀ।

3. ਇਹ ਹਦਾਇਤ ਕੀਤੀ ਜਾਂਦੀ ਹੈ ਕਿ ਸਰਕਾਰ ਵੱਲੋਂ ਕੀਤੇ ਗਏ ਫੈਸਲੇ ਨੂੰ ਤੁਰੰਤ ਲਾਗੂ ਕੀਤਾ ਜਾਵੇ ਅਤੇ ਇਸ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ। ਇਸ ਤੋਂ ਇਲਾਵਾ ਪੰਚਾਇਤਾਂ ਨੂੰ ਵਿੱਤੀ ਤਾਕਤਾਂ ਦੇਣ ਸਬੰਧੀ ਮੰਤਰੀ ਪ੍ਰੀਸ਼ਦ ਦੇ ਫੈਸਲੇ ਦੀ ਕਾਪੀ ਨਾਲ ਨੱਥੀ ਕਰਕੇ ਤੌਰ ਤੇ ਭੇਜੀ ਜਾ ਰਹੀ ਹੈ। ਉਸ ਨੂੰ ਵੀ ਅਮਲ ਵਿੱਚ ਲਿਆਂਦਾ ਜਾਵੇ।

ਹ. ਸ. ਗਿੱਲ 12/11
(ਹਰਬੰਸ ਸਿੰਘ ਗਿੱਲ)
ਵਧੀਕ ਡਾਇਰੈਕਟਰ ਪੰਚਾਇਤ,
ਵਾਸਤੇ ਸਕੱਤਰ ਪੰਜਾਬ ਸਰਕਾਰ ਪੇਂਡੂ ਵਿਕਾਸ
ਅਤੇ ਪੰਚਾਇਤ ਵਿਭਾਗ।